# ਬਰੈਡਲੀ ਮੈਨਿੰਗ ਦਾ ਬਿਆਨ

ਬੁੱਧਵਾਰ ਨੂੰ 35 ਸਾਲ ਕੈਦ ਦੀ ਸਜ਼ਾ ਸੁਣਾਏ ਜਾਣ ਦੇ ਬਾਅਦ ਬਰੈਡਲੀ ਮੈਨਿੰਗ ਨੇ ਹੇਠ ਲਿਖਿਆ ਬਿਆਨ ਦਿੱਤਾ ਜੋ ਡੇਵਿਡ ਕੂੰਮਬਸ ਨੇ ਇਕ ਪ੍ਰੈਸ ਕਾਨਫਰੰਸ ਵਿਚ ਪੜ੍ਹਿਆ।

2010 ਵਿਚ ਮੈਂ ਜੋ ਫੈਸਲਾ ਲਿਆ ਸੀ ਉਹ ਆਪਣੇ ਮੁਲਕ ਅਤੇ ਜਿਸ ਸੰਸਾਰ ਵਿਚ ਅਸੀਂ ਰਹਿੰਦੇ ਹਾਂ ਉਹਦੇ ਬਾਰੇ ਫਿਕਰਮੰਦ ਹੋਣ ਕਰਕੇ ਹੀ ਲਿਆ ਸੀ। ਗਿਆਰਾਂ ਸਤੰਬਰ 2001 ਦੇ ਦੁਖਾਂਤ ਕਰਕੇ ਸਾਡਾ ਮੁਲਕ ਜੰਗ ਵਿਚ ਉਲਝ ਗਿਆ। ਸਾਡੀ ਜੰਗ ਉਸ ਦੁਸ਼ਮਣ ਨਾਲ ਹੈ ਜੋ ਰਵਾਇਤੀ ਢੰਗ ਦੀ ਰਣਭੂਮੀ ਵਿਚ ਲੜਨ ਵਾਲਾ ਦੁਸ਼ਮਣ ਨਹੀਂ। ਇਸ ਕਰਕੇ ਸਾਨੂੰ ਵੀ ਆਪਣੇ ਜੀਵਨ ਢੰਗ ਨੂੰ ਪੈਦਾ ਹੋਏ ਇਸ ਖ਼ਤਰੇ ਨਾਲ ਨਿਪਟਣ ਲਈ ਆਪਣਾ ਲੜਾਈ ਦਾ ਤਰੀਕਾ ਬਦਲਣ ਦੀ ਲੋੜ ਹੈ।

ਸ਼ੁਰੂ ਵਿਚ ਮੈਂ ਸਾਡੇ ਲੜਨ ਢੰਗ ਨਾਲ ਸਹਿਮਤ ਸੀ ਤੇ ਇਸੇ ਕਰਕੇ ਆਪਣੀ ਮਰਜ਼ੀ ਨਾਲ ਮਿਲਟਰੀ ਵਿਚ ਭਰਤੀ ਹੋਇਆ ਸੀ ਤਾਂ ਕਿ ਆਪਣੇ ਮੁਲਕ ਦੀ ਰਾਖੀ ਵਿਚ ਹਿਸਾ ਪਾ ਸਕਾਂ। ਪਰ ਜਦੋਂ ਮੈਂ ਇਰਾਕ ਵਿਚ ਗਿਆ ਤੇ ਮਿਲਟਰੀ ਦੀ ਖੁਫ਼ੀਆ ਰਿਪੋਟਾਂ ਰੋਜ਼ਾਨਾ ਪੜ੍ਹੀਆਂ ਤਾਂ ਜੋ ਅਸੀਂ ਜੋ ਕਰੇ ਸਾਂ ਉਸ ਦੀ ਨੈਤਿਕਤਾ ਬਾਰੇ ਮੇਰੇ ਜ਼ਿਹਨ ਵਿਚ ਸੁਆਲ ਉਠਣ ਲੱਗ ਪਏ। ਇਹ ਉਹ ਵੇਲਾ ਸੀ ਜਦ ਮੈਂ ਸਮਝ ਗਿਆ ਕਿ ਦੁਸ਼ਮਣ ਦੁਆਰਾ ਖੜੇ ਕੀਤੇ ਗਏ ਖ਼ਤਰੇ ਨਾਲ ਨਿਪਟਣ ਦੇ ਇਹ ਢੰਗ ਤਰੀਕੇ ਵਰਤਦੇ ਹੋਏ ਅਸੀਂ ਆਪਣੀ ਇਨਸਾਨੀਅਤ ਨੂੰ ਭੁਲ ਹੀ ਗਏ ਹਾਂ। ਅਸੀਂ ਜਾਣ ਬੁਝ ਕੇ ਇਰਾਕ ਤੇ ਅਫਗਾਨਿਸਤਾਨ ਦੇ ਲੋਕਾਂ ਦੀ ਇਨਸਾਨੀ ਜ਼ਿੰਦਗੀ ਦੀ ਕੀਮਤ ਨੂੰ ਘਟਾਇਆ।  ਆਪਣੇ ਦੁਸ਼ਮਣ ਨਾਲ ਲੜਦਿਆਂ ਅਸੀਂ ਤਾਂ ਕਈ ਦਫਾ ਨਿਰਦੋਸ਼ ਸਿਵਲੀਅਨ ਵੀ ਮਾਰੇ। ਜਦੋਂ ਕਦੇ ਅਸੀ ਨਿਰਦੋਸ਼ ਸਿਵਲੀਅਨਾ ਦੀ ਜਾਨ ਲਈ ਤਾਂ ਆਪਣੇ ਕੀਤੇ ਦਾ ਜ਼ਿੰਮਾਂ ਆਪਣੇ ਸਿਰ ਲੈਣ ਦੀ ਬਜਾਏ ਅਸੀਂ ਕੌਮੀ ਹਿਫਾਜ਼ਤ ਦੇ ਪਰਦੇ ਪਿਛੇ ਲੁਕਣ ਦੀ ਕੀਤੀ ਤੇ ਪਬਲਿਕ ਤੋਂ ਇਹ ਗੱਲਾਂ ਲੁਕੋਣ ਲਈ ਇਸ ਜਾਣਕਾਰੀ ਨੂੰ ਖ਼ੁਫ਼ੀਆ ਕਰਾਰ ਦੇ ਦਿਤਾ।

ਦੁਸ਼ਮਣ ਨੂੰ ਮਾਰਨ ਦੀ ਕਾਹਲ ਵਿਚ ਅਸੀ ਤਸੀਹੇ ਦੀ ਪ੍ਰੀਭਾਸ਼ਾ ਬਦਲਨ ਬਾਰੇ ਅੰਦਰੂਨੀ ਬਹਿਸ ਕੀਤੀ। ਗੁਆਨਟਨਮਾਓ ਵਿਚ ਅਸੀਂ ਸਾਲਾਂ ਬੱਧੀ ਲੋਕਾਂ ਨੂੰ ਅੰਦਰ ਡੱਕੀ ਰੱਖਿਆ ਤੇ ਕਾਨੂੰਨ ਦੇ ਰਾਹ ਨਹੀਂ ਚੱਲੇ। ਇਰਾਕੀ ਹਕੂਮਤ ਵਲੋਂ ਵਰਤੇ ਗਏ ਤਸੀਹਿਆਂ ਅਤੇ ਕੀਤੇ ਗਏ ਕਤਲਾਂ ਬਾਰੇ ਵੀ ਪਤਾ ਨਹੀਂ ਅਸੀਂ ਅੱਖਾਂ ਕਿਉਂ ਬੰਦ ਕਰੀ ਰੱਖੀਆਂ। ਅਤੇ ਅਸੀਂ ਆਪਣੀ ਦਹਿਸ਼ਤ ਖ਼ਿਲਾਫ ਜੰਗ ਦੇ ਨਾਮ ਹੇਠ ਹੋਰ ਵੀ ਬਹੁਤ ਸਾਰੀਆਂ ਕਰਤੂਤਾਂ ਹਜ਼ਮ ਕਰ ਗਏ।
ਆਮ ਤੌਰ ਤੇ ਦੇਸ਼ ਭਗਤੀ ਦੀ ਰੱਟ ਉਦੋਂ ਲਾਈ ਜਾਂਦੀ ਹੈ ਜੱਦ ਹਾਕਮਾਂ ਨੇ ਨੈਤਿਕ ਤੌਰ ਤੇ ਮਸ਼ਕੂਕ ਕੰਮਾਂ ਦੀ ਵਕਾਲਤ ਕਰਨੀ ਹੋਏ। ਦੇਸ਼ਭਗਤੀ ਦਾ ਇਹ ਚੀਕ ਚਿਹਾੜਾ ਜਦ ਸਾਡੇ ਤਰਕਪੂਰਨ ਇਰਾਦੇ ਨੂੰ ਰੋਲੇ ਰੱਪੇ ਵਿਚ ਡੋਬ ਦਿੰਦਾ ਹੈ ਤਾਂ ਫਿਰ ਅਮਰੀਕੀ ਫੌਜੀ ਨੂੰ ਜੰਗ ਵਿਚ ਜਾਣ ਅਤੇ ਗਲਤ ਮੰਤਵਾਂ ਲਈ ਲੜਨ ਦੇ ਹੁਕਮ ਦੇ ਦਿੱਤੇ ਜਾਂਦੇ ਹਨ।

ਸਾਡੇ ਮੁਲਕ ਦੇ ਅੰਦਰ ਵੀ ਏਦਾਂ ਦੇ ਕਈ ਕਾਲੇ ਮੌਕੇ ਆਏ ਹਨ ਜਦ ਜਮਹੂਰੀਅਤ ਨੂੰ ਢਾਲ ਲੱਗੀ ਜਿਵੇਂ ਕਿ ਟਰੇਲ ਟੀਅਰਜ਼, ਦੀ ਡਰੇਡ ਸਕੌਟ ਡਿਸੀਜ਼ਨ, ਮੈਕਾਰਥੀਇਜ਼ਮ ਤੇ ਜਪਾਨੀ-ਅਮਰੀਕੀ ਬੰਦੀ ਕੈਂਪ। ਮੈਨੂੰ ਯਕੀਨ ਹੈ ਕਿ 11 ਸਤੰਬਰ 2001 ਤੋਂ ਬਾਅਦ ਦੇ ਸਾਡੇ ਬਹੁਤ ਸਾਰੇ ਐਕਸ਼ਨ ਵੀ ਇਸੇ ਰੌਸ਼ਨੀ ਵਿਚ ਵੇਖੇ ਜਾਣਗੇ।
ਜਿਵੇਂ ਮਰਹੂਮ ਹੌਵਰਡ ਜ਼ਿਨ ਨੇ ਇਕ ਵਾਰ ਕਿਹਾ ਸੀ, "ਬੇਗੁਨਾਹ ਲੋਕਾਂ ਨੂੰ ਮਾਰਨ ਦੀ ਸ਼ਰਮਨਾਕ ਕਰਤੂਤ ਨੂੰ ਕਿਸੇ ਵੀ ਝੰਡੇ ਹੇਠ ਢੱਕਿਆ ਨਹੀਂ ਜਾ ਸਕਦਾ।"

ਮੈਨੂੰ ਪਤਾ ਹੈ ਕਿ ਮੈਂ ਜੋ ਕੁਝ ਕੀਤਾ ਹੈ ਉਹ ਕਾਨੂੰਨ ਦੀ ਉਲੰਘਣਾ ਕਰਦਾ ਹੈ ਤੇ ਜੇ ਮੇਰੇ ਕੀਤੇ ਨਾਲ ਕਿਸੇ ਨੂੰ ਦੁੱਖ ਪਹੁੰਚਿਆ ਹੋਏ ਜਾਂ ਅਮਰੀਕਾ ਨੂੰ ਨੁਕਸਾਨ ਹੋਇਆ ਹੈ ਤਾਂ ਇਸਦਾ ਮੈਨੂੰ ਅਫਸੋਸ ਹੈ। ਮੇਰਾ ਇਰਾਦਾ ਬਿਲਕੁਲ ਕਿਸੇ ਨੂੰ ਕੋਈ ਨੁਕਸਾਨ ਪਹੁੰਚਾਉਣ ਦਾ ਨਹੀਂ ਸੀ। ਮੈ ਤਾਂ ਸਿਰਫ਼ ਲੋਕਾਂ ਦੀ ਮੱਦਦ ਕਰਨਾ ਚਾਹੁੰਦਾ ਸੀ। ਜਿਸ ਵੇਲੇ ਮੈਂ ਖ਼ੁਫ਼ੀਆ ਜਾਣਕਾਰੀ ਜ਼ਾਹਰ ਕਰਨ ਦਾ ਇਰਾਦਾ ਬਣਾਇਆ ਤਾਂ ਇਸ ਦੇ ਪਿਛੇ ਮੇਰਾ ਆਪਣੇ ਲੋਕਾਂ ਲਈ ਪਿਆਰ ਅਤੇ ਦੂਜਿਆਂ ਵੱਲ ਜ਼ੁੰਮੇਵਾਰੀ ਦੇ ਫ਼ਰਜ਼ ਦੀ ਭਾਵਨਾ ਕੰਮ ਕਰਦੀ ਸੀ। ਜੇ ਤੁਸੀਂ ਮੇਰੀ ਮੁਆਫ਼ੀ ਦੀ ਅਰਜ਼ ਠੁਕਰਾ ਦਿੱਤੀ ਤਾਂ ਮੈਂ ਆਪਣੀ ਸਜ਼ਾ ਭੁਗਤਾਂਗਾ ਤੇ ਸਮਝਾਂਗਾ ਕਿ ਆਜ਼ਾਦ ਸਮਾਜ ਵਿਚ ਰਹਿਣ ਲਈ ਕਦੇ ਕਦੇ ਤੁਹਾਨੂੰ ਬਹੁਤ ਭਾਰੀ ਕੀਮਤ ਭਰਨੀ ਪੈਂਦੀ ਹੈ। ਜੇ ਸਾਡਾ ਮੁਲਕ ਸਚੀਂ ਮੁਚੀਂ ਹੀ ਆਜ਼ਾਦੀ ਦੇ ਰਾਹ ਤੇ ਚੱਲਣ ਲੱਗ ਪਏ ਤੇ ਇਸ ਅਸੂਲ ਤੇ ਪਹਿਰਾ ਦੇਣ ਲੱਗ ਪਏ ਕਿ ਸਾਰੇ ਬੰਦੇ ਤੇ ਔਰਤਾਂ ਬਰਾਬਰ ਹਨ ਤਾਂ ਮੈ ਇਹ ਕੀਮਤ ਬੜੀ ਖ਼ੁਸ਼ੀ ਨਾਲ ਦਿਆਂਗਾ।